# Punjab Government Gazette

***Published by Authority***

No. 36] CHANDIGARH, FRIDAY, SEPTEMBER 4, 2026 (BHADRA 13, 1948 SAKA)


# PART III

**Notifications by High Court ; Labour Commissioner ; Advertisements ;**

**Director of Lotteries, Punjab and Notices, etc.**

**ਪੰਜਾਬ ਸਰਕਾਰ**

ਕਿਰਤ ਵਿਭਾਗ, ਪੰਜਾਬ

ਦਫ਼ਤਰ ਕਿਰਤ ਕਮਿਸ਼ਨਰ,ਪੰਜਾਬ

**ਅਧਿਸੂਚਨਾ**

ਮਿਤੀ 22 ਜਨਵਰੀ, 2024

**ਨੰ:ਓਵ/1374.-** ਮੇਰੀ ਰਾਇ ਹੈ ਕਿ ਕਿਰਤੀਆਂ/ਯੂਨੀਅਨ/ਮਾਰਫਤ/ਵਲੋਂ F.N.I (Contractors) Mazdoor Ekta Union, Vill. Basma, P.O Banur, Tehsil & District-S.A.S Nagar (Mohali) ਵਿਰੁੱਧ Plant Director/Director/General Manager, M/s Freudenberg Nok Pvt, Ltd. Vill Basma, P.O Banur, Tehsil & Distt. Mohali ਅਤੇ 8 ਹੋਰ ਵਿਚਕਾਰ ਹੇਠ ਅਨੁਸਾਰ ਝਗੜਾ ਹੋਂਦ ਵਿਚ ਹੈ ਅਤੇ ਮੇਰੀ ਰਾਏ ਵਿਚ ਇਹ ਮਾਮਲਾ ਨਿਆਂ-ਨਿਰਣੈ ਲਈ ਭੇਜਣਾ ਬਣਦਾ ਹੈ। ਉਦਯੋਗਿਕ ਵਿਵਾਦ ਐਕਟ, 1947 ਦੀ ਧਾਰਾ 2-ਕੇ ਅਤੇ ਧਾਰਾ-10 ਦੀ ਉਪ ਧਾਰਾ (1) ਦੇ ਖੰਡ (ਡੀ) ਅਤੇ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: ਐਸ.ਓ.66/ਸੀ.ਏ.14/47 ਐਸ.39 ਮਿਤੀ 19.09.1988 ਰਾਹੀਂ ਦਿੱਤੀਆਂ ਗਈਆ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਐਕਟ ਦੀ ਧਾਰਾ 7-ਏ ਅਧੀਨ ਬਣਾਏ ਗਏ ਇੰਡਸਟ੍ਰੀਅਲ ਟ੍ਰਿਬਿਊਨਲ, ਐਸ.ਏ.ਐਸ ਨਗਰ ਨੂੰ ਪ੍ਰਬੰਧਕਾਂ ਅਤੇ ਕਿਰਤੀਆਂ ਦੇ ਝਗੜੇ ਬਾਰੇ ਨਿਆਂ ਨਿਰਣੇ ਲਈ ਅਵਾਰਡ 6 ਮਹੀਨੇ ਦੇ ਅੰਦਰ-ਅੰਦਰ ਦੇਣ ਲਈ ਭੇਜਦਾ ਹਾਂ-

ਮੰਗ ਨੰ.2 ਅਤੇ 3

"ਕਿ ਯੂਨੀਅਨ ਵੱਲੋਂ ਠੇਕਾ ਕਿਰਤੀਆਂ ਦੀਆਂ ਤਨਖਾਹਾਂ ਵਿੱਚ ਤਜਵੀਜਤ ਵਾਧੇ ਅਤੇ ਮਹਿੰਗਾਈ-ਭੱਤਾ ਮੂਲ ਵੇਤਨ ਵਿਚ ਜੋੜਕੇ ਦੇਣ ਦੀ ਮੰਗ ਜਾਇਜ਼ ਅਤੇ ਯੋਗ ਹੈ? ਜੇਕਰ ਹਾਂ, ਤਾਂ ਇਸ ਸਬੰਧ ਵਿੱਚ ਸਬੰਧਤ ਕਿਰਤੀ ਕੀ ਲਾਭ ਅਤੇ ਕਿਸ ਵਿਸਥਾਰ ਨਾਲ ਪ੍ਰਾਪਤ ਕਰਨ ਦੇ ਹੱਕਦਾਰ ਹਨ?"

ਮੰਗ ਨੰ.5

" ਕੀ ਯੂਨੀਅਨ ਵੱਲੋਂ ਠੇਕਾ-ਕਿਰਤੀਆਂ ਨੂੰ ਪ੍ਰਿੰਸੀਪਲ ਐਂਪਲਾਇਰ (ਲੜ੍ਹੀ ਨੰ.1) ਦੇ ਅਦਾਰੇ ਵਿਚ ਸਥਾਈ ਤੌਰ ਤੇ ਕੰਪਨੀ ਦੇ ਰੋਲ ਤੇ ਲੈਣ ਦੀ ਮੰਗ ਜਾਇਜ਼ ਅਤੇ ਯੋਗ ਹੈ? ਜੇਕਰ ਹਾਂ, ਇਸ ਸਬੰਧੀ ਕਿਰਤੀ ਕੀ ਲਾਭ ਪ੍ਰਾਪਤ ਕਰਨ ਦੇ ਹੱਕਦਾਰ ਹਨ?"

ਮੰਗ ਨੰ.8

"ਕੀ ਯੂਨੀਅਨ ਵੱਲੋਂ ਮੰਗ-ਪੱਤਰ ਵਿਚ ਤਜਵੀਜ ਕੀਤੇ ਅਨੁਸਾਰ ਕਿਰਤੀਆਂ ਨੂੰ ਲੋਨ ਦੀ ਸੁਵਿਧਾ ਦੇਣ ਦੀ ਮੰਗ ਜਾਇਜ਼ ਅਤੇ ਯੋਗ ਹੈ? ਜੇਕਰ ਹਾਂ, ਇਸ ਸਬੰਧ ਵਿੱਚ ਕੀ ਨਿਰਣਾਂ ਹੋਣਾ ਚਾਹੀਦਾ ਹੈ?"

ਮੰਗ ਨੰ.9

"ਕੀ ਯੂਨੀਅਨ ਵੱਲੋਂ ਠੇਕਾ-ਕਿਰਤੀਆਂ ਨੂੰ ਨਾਈਟ ਸਿਫ਼ਟ ਭੱਤਾ 100 ਰੁਪਏ ਪ੍ਰਤੀ ਦਿਨ ਅਤੇ ਪ੍ਰਦੂਸ਼ਣ ਭੱਤੇ ਦੇ ਰੂਪ ਵਿੱਚ 1/2 ਲੀਟਰ ਦੁੱਧ, 200 ਗ੍ਰਾਮ ਗੁੜ ਦੇਣ ਦੀ ਮੰਗ ਜਾਇਜ਼ ਅਤੇ ਯੋਗ ਹੈ? ਜੇਕਰ ਹਾਂ ਤਾਂ ਇਸ ਸਬੰਧ ਵਿੱਚ ਕੀ ਨਿਰਣਾਂ ਹੋਣਾ ਚਾਹੀਦਾ ਹੈ?"

ਮੰਗ ਨੰ.13

"ਕੀ ਯੂਨੀਅਨ ਦੇ ਕਥਨ ਅਨੁਸਾਰ ਠੇਕਾ-ਕਿਰਤੀਆਂ ਤੇ ਦਬਾਓ ਪਾਕੇ ਅਸਤੀਫਾ ਲੈਣ ਉਪਰੰਤ, ਅਗਲ-ਅਲਗ ਠੇਕਦਾਰ ਪਾਸ Rejoining ਕਰਾਉਣਾ ਜਾਂ ਕਿਰਤੀਆਂ ਪਾਸੋਂ ਜਬਰਦਸਤੀ ਸਥਾਨ ਤੇ ਟਰਾਂਸਫਰ ਕਰਕੇ ਜਾਂ ਮੈਰਿਟ ਨੂੰ ਨਜ਼ਰਅੰਦਾਜ਼ ਕਰਕੇ ਕੁੱਝ ਕਿਰਤੀਆਂ ਨੂੰ one time payment ਦਾ ਲਾਲਚ ਦੇਕੇ Fixed Term Employment ਦੀ ਆਫਰ ਦਿੰਦੇ ਹੋਏ ਜਾਂ ਰੈਗੂਲਰ/ਠੇਕਾ ਕਿਰਤੀਆਂ ਦੀ ਅਲਗ ਅਲਗ ਵਰਦੀ ਰੱਖਦੇ ਹੋਏ ਇਨ੍ਹਾਂ ਮੁੱਦਿਆਂ ਤੇ Favouritism or partiality ਕਰਨਾ ਅਤੇ ਇਸ ਤਰੀਕੇ ਨਾਲ ਯੂਨੀਅਨ ਤੋੜਨ ਦੀ ਕੋਸ਼ਿਸ਼ ਕਰਨਾ ਆਈ.ਡੀ ਐਕਟ, 1947 ਦੀ ਧਾਰਾ 2 (ra) ਤਹਿਤ ਬਣੇ ਸਡਿਊਲ-5 ਦੀ ਕਲਾਜ਼ 1(ਸੀ), ਕਲਾਜ਼ 7 ਅਤੇ 9 ਅਨੁਸਾਰ ਪ੍ਰਬੰਧਕਾਂ ਦੀ ਪੱਧਰ ਤੇ "ਅਨਫੇਅਰ ਲੇਬਰ ਪ੍ਰੈਕਟਿਸ" ਬਣਦੀ ਹੈ? ਜੇਕਰ ਹਾਂ ਤਾਂ ਇਸ ਸਬੰਧ ਵਿੱਚ ਕੀ ਨਿਰਣਾ ਹੋਣਾ ਚਾਹੀਦਾ ਹੈ?"

ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ.

ਮਿਤੀ 3 ਜਨਵਰੀ, 2024

ਕਿਰਤ ਕਮਿਸ਼ਨਰ, ਪੰਜਾਬ।

*3816/9-2026/Pb. Govt. Press, S.A.S. Nagar*